6931

(This Question paper contains 2 printed pages) (Roll No. __

**Department of Punjabi**
**University of Delhi**
**Examination May-June 2025**

| | |
|---|---|
| Unique Paper Code | **: 2125001203** |
| Name of the Paper | **: Desh Vand Di Punjabi Kavita** |
| Type of Paper | **: General Elective (GE)** |
| Semester | **: 4** |
| Programme | **: Common Programme Group** |
| Duration | **: 3 Hrs** |

**Maximum Marks: 90**

**Instructions for Candidates**

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ।**

**ਭਾਗ ਪਹਿਲਾ**

1. ਦੇਸ਼ ਵੰਡ ਦੇ ਬੁਨਿਆਦੀ ਪੜਾਅ ਬਾਰੇ ਵਿਸਤਾਰ ਸਹਿਤ ਚਾਨਣਾ ਪਾਓ। (15)

ਜਾਂ

ਦੇਸ਼ ਵੰਡ ਤੋਂ ਆਮ ਲੋਕਾਂ ਤੇ ਪਏ ਮਾਨਸਿਕ ਤੇ ਭਾਈਚਾਰਕ ਪਰ੍ਭਾਵਾਂ ਉੱਪਰ ਚਰਚਾ ਕਰੋ।

**ਭਾਗ ਦੂਸਰਾ**

2. 'ਕਿਆਮਤ ਦੇਸ਼ ਵੰਡ ਦੀ' ਕਵਿਤਾ ਦਾ ਵਿਸ਼ਾ-ਵਸਤੂ ਤੇ ਕੇਂਦਰੀ ਭਾਵ ਲਿਖੋ। (15)

ਜਾਂ

'ਰਾਵਲਪਿੰਡੀ' ਕਵਿਤਾ ਦਾ ਆਲੋਚਨਾਤਮਕ ਪੱਖ ਲਿਖੋ।

3. ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਇਕ ਦੀ ਪਰ੍ਸੰਗ ਸਹਿਤ ਵਿਆਖਿਆ ਕਰੋ: (10)

ੳ) ਹੋਣੀ ਚੜ੍ਹੀ ਜੁ ਚੜ੍ਹਦਿਉਂ ਧਰਿਆ ਪੈਰ ਰਕਾਬ
ਪੋਠੋਹਾਰ ਨੂੰ ਖੁਰੀਂ ਮਧੋਲਦੀ ਤਕਿਆ ਸਭ ਪੰਜਾਬ
ਚੌਂਕੇ ਧਰਤ ਆਕਾਸ਼ ਦੋਏ ਸੁਣ ਟਾਪਾਂ ਦੀ ਵਾਜ
ਕੰਬੀ ਭਾਰਤ ਮਾਂ ਨੀ ਅੱਜ ਕਿਹੜਾ ਰੱਖ ਲਾਜ!
ਕੋਈ ਲਾਲ ਨਾ ਜੰਮਿਆ ਮਾਂ ਨੇ ਜਿਹੜਾ ਮੋੜੇ ਇਸਦੀ ਵਾਗ
ਓਏ ਕੋਈ ਨ ਜੰਮਿਆ ਮਾਂ ਨੇ ਜਿਹੜਾ ਮੋੜੇ ਇਸਦੀ ਨਾਗ!

ਜਾਂ

ਅ) ਮੈਂਡੀਏ ਸੋਹਣੀਏ ਪਿੰਡੀਏ,
ਤੈਂਡੀ ਯਾਦ ਸਦਾ ਤੜਪਾਸੀ।
ਜਿਥੇ ਵੈਸਾਂ ਉਠਸਾਂ ਬਹਿਸਾਂ,
ਮਨ ਨ ਕਦੇ ਭੁਲਾਸੀ।
ਚੁੱਪ ਧਾਰਨ ਦੇ ਰੋਸ ਵਜੋਂ ਅੱਜ,
ਅੰਗ ਅੰਗ ਮੈਂਡਾ ਬੋਲੇ;
ਕੰਨਾਂ ਦੇ ਘੇਰਿਆਂ ਵਿਚ ਫਿਰਦੇ,
ਮਿੱਠੇ ਮਾਹੀਏ, ਢੋਲੇ।

## ਭਾਗ ਤੀਸਰਾ

4. 'ਲਹੌਰ ਦੇ ਨਾਂ ਖ਼ਤ' ਕਵਿਤਾ ਦਾ ਵਿਸ਼ਾ-ਵਸਤੂ ਸਪਸ਼ਟ ਕਰੋ। (15)

ਜਾਂ

'ਮੁਨਸ਼ੀ ਖਾਂ' ਕਵਿਤਾ ਦਾ ਕਥਾ ਸਾਰ ਲਿਖੋ।

5. 'ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਇੱਕ ਦੀ ਪਰ੍ਸੰਗ ਸਹਿਤ ਵਿਆਖਿਆ ਲਿਖੋ: (10)

ੳ) ਗੱਲ ਤਾਂ ਨਿੱਕੀ ਜਿਹੀ ਹੈ
ਮੈਂ ਹੀ ਭਾਵੁਕ ਹੋ ਗਿਆ ਹਾਂ
ਕਾਬਲੀ ਅੰਗੂਰ
ਲੰਘ ਕੇ ਆ ਗਿਆ ਹੈ ਵਾਹਗਿਓਂ
ਤੂੰ ਸੀ ਜਿਹੜੇ ਰਾਹ ਗਿਓਂ
ਬਹੁਤ ਖ਼ੁਸ਼ ਹੋਇਆ ਹਾਂ ਮੈਂ
ਅੱਖੀਆਂ ਵਿਚ ਆ ਗਏ ਨੇ ਅੱਥਰੂ
ਭਰ ਗਿਆ ਹੈ ਮੇਰੇ ਮੂੰਹ ਵਿਚ ਮਾਖਿਓਂ
ਗੱਲ ਤਾਂ ਨਿੱਕੀ ਜਹੀ ਹੈ
ਮੈਂ ਹੀ ਭਾਵੁਕ ਹੋ ਗਿਆ ਹਾਂ।

ਜਾਂ

ਅ) ਕਹੇ ਜਾਂਦੇ ਆਜ਼ਾਦ ਭਾਰਤ 'ਚ
ਪਹਿਲੀ ਵਾਰ ਜਦੋਂ ਵੋਟਾਂ ਪਈਆਂ
ਤਾਂ ਵੋਟਰ-ਸੂਚੀ 'ਚ ਅਸਾਡੇ ਸੀਰੀ ਮੁਨਸ਼ੀ ਖਾਂ ਦਾ ਨਾਂ
ਸੱਜਣ ਸਿੰਘ ਛਪਿਆ ਸੀ !

## ਭਾਗ ਚੌਥਾ

6. ਸੁਰਜੀਤ ਪਾਤਰ ਦੀ ਕਵਿਤਾ 'ਪੱਛੋਂ ਤੇ ਪੁਰਵਾਈਆਂ' ਦਾ ਆਲੋਚਨਾਤਮਕ ਅਧਿਐਨ ਕਰੋ। (15)

ਜਾਂ

ਹਰਵਿੰਦਰ ਸਿੰਘ ਭੱਟੀ ਦੀ ਕਵਿਤਾ 'ਵੰਡਨਾਮਾ' ਦਾ ਕੇਂਦਰੀ ਭਾਵ ਵਿਸਥਾਰ ਨਾਲ ਲਿਖੋ।

7. ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਇਕ ਦੀ ਪਰ੍ਸੰਗ ਸਹਿਤ ਵਿਆਖਿਆ ਲਿਖੋ: (10)

ੳ) ਸਾਡੇ ਬਾਬੇ ਲੀਕਾਂ ਚੁੰਮੀਆਂ, ਸਾਨੂੰ ਮੱਤ ਕੀ ਆਉਣੀ,
ਅੰਗ ਲਮਕਣ ਨੰਗੀ ਤਾਰ 'ਤੇ, ਵਿਚ ਰੱਤ ਕੀ ਆਉਣੀ।
ਅਸੀਂ ਝੂਠੀ ਝੂਠੀ ਖੇਡ ਕੇ, ਇਕ ਸੱਚ ਬਣਾਇਆ,
ਫਿਰ ਉਸ ਨੂੰ ਧਰਮੀ ਲਹਿਰ ਦਾ, ਇਕ ਤੜਕਾ ਲਾਇਆ।

ਜਾਂ

ਅ) ਕਿਹੋ ਜਿਹੀ ਕੁਲੱਛਣੀ ਝੜੀ ਲੱਗੀ, ਕੋਠਾ ਕੋਠਾ ਪੰਜਾਬ ਦਾ ਚੋਣ ਲੱਗਾ।
ਭੈਣ ਹੀਰ ਨੂੰ, ਰਾਂਝੇ ਨੂੰ ਵੀਰ ਕਹਿ ਕੇ, ਪੂਰਨ ਸਿੰਘ ਗਲ ਲੱਗ ਕੇ ਰੋਣ ਲੱਗਾ।
ਸ਼ਿਵ ਕੁਮਾਰ ਤੇ ਵਾਰਿਸ ਦੇ ਮੋਤੀਆਂ ਨੂੰ, ਸ਼ੇਅਰਾਂ ਵਿਚ ਹੈ ਪਾਤਰ ਪਰੋਣ ਲੱਗਾ।
ਸ਼ਾਹ ਮੁਹੰਮਦਾ! ਵੇਖ ਲੈ ਫਿਰ ਮੁੜ ਕੇ, ਜੰਗ ਹਿੰਦ ਪੰਜਾਬ ਦਾ ਹੋਣ ਲੱਗਾ।